# ਦਾਰਸ਼ਨਿਕ ਪਰਿਪੇਖ ਵਿੱਚ ਉਦਾਸੀ : ਪਰਿਭਾਸ਼ਾ ਅਤੇ ਪ੍ਰਕਿਰਤੀ

**ਡਾ. ਸੁਖਵਿੰਦਰ ਸਿੰਘ**
ਸਹਾਇਕ ਪ੍ਰੋਫੈਸਰ,
ਗੁਰੂ ਨਾਨਕ ਸਿੱਖ ਅਧਿਐਨ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬ

**ਅਮੂਰਤ**

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵੀ ਗੁਰੂ ਸਾਹਿਬਾਨ ਨੇ ਵੱਖ-ਵੱਖ ਖੇਤਰਾਂ ਦੀ ਯਾਤਰਾ ਕੀਤੀ ਹੈ ਪਰ ਫੇਰ ਵੀ ਉਦਾਸੀ ਸ਼ਬਦ ਵਿਸ਼ੇਸ਼ ਤੌਰ 'ਤੇ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਲਈ ਵਰਤਿਆ ਜਾਂਦਾ ਰਿਹਾ ਹੈ। ਇਨ੍ਹਾਂ ਲੰਮੀਆਂ ਯਾਤਰਾਵਾਂ ਦੌਰਾਨ ਗੁਰੂ ਨਾਨਕ ਦੇਵ ਜੀ ਦੁਆਰਾ ਵਿਸ਼ਵ ਦੀਆਂ ਪ੍ਰਮੁੱਖ ਧਰਮ ਪਰੰਪਰਾਵਾਂ ਦੀਆਂ ਜਗਿਆਸੂ ਬਿਰਤੀਆਂ ਨਾਲ 'ਸ਼ਬਦ ਅਨੁਭਵ' ਦੀ ਸਾਂਝ ਨੂੰ ਪੁਨਰ-ਸੁਰਜੀਤ ਕਰਨ ਦਾ ਯਤਨ ਕੀਤਾ ਗਿਆ ਹੈ। ਸਿੱਖ ਧਰਮ ਵਿਚ 'ਉਦਾਸੀ' ਸ਼ਬਦ ਮੂਲ ਰੂਪ ਵਿਚ ਅਧਿਆਤਮਕ ਸੰਦਰਭ ਵਿਚ ਵਰਤਿਆ ਗਿਆ ਹੈ, ਜਿਸ ਅਨੁਸਾਰ ਤਿਆਗ, ਉਪਰਾਮਤਾ, ਸਵੈ-ਪ੍ਰਕਾਸ਼ ਦੇ ਅਰਥ ਸੰਚਾਰਿਤ ਹੁੰਦੇ ਹਨ। ਗੁਰੂ ਨਾਨਕ ਸਾਹਿਬ ਮੰਨਦੇ ਹਨ ਕਿ ਬੁਰਾਈ ਵੀ ਆਪਣੀ ਮੁਕਤੀ ਲਈ ਆਸ ਕਰਦੀ ਹੈ ਇਸ ਲਈ ਬੁਰਾਈ ਦਾ ਹਰੇਕ ਰੂਪ ਦਰਅਸਲ ਚੰਗਿਆਈ ਦੀ ਗਵਾਹੀ ਹੈ, ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਬੁਰਾਈ ਵੀ ਸ਼ੁੱਧ ਰੂਪ ਵਿਚ ਬੁਰਾਈ ਨਾ ਹੋ ਕੇ, ਮਨੁੱਖੀ ਮਾਨਸਿਕਤਾ ਦੁਆਰਾ ਸਮੇਂ-ਸਥਾਨ ਦੀਆਂ ਲੋੜਾਂ/ਮਜ਼ਬੂਰੀਆਂ ਅਤੇ ਸਮਾਜਿਕ-ਸੱਭਿਆਚਾਰਕ ਉਲਾਰਾਂ/ਡਰਾਂ ਤਹਿਤ ਆਪਣੇ ਅਸਤਿਤਵੀ ਅਰਥਾਂ ਨੂੰ ਜਿਊਂਦਾ ਰੱਖਣ ਲਈ ਲਿਆ ਗਿਆ ਸੁਰੱਖਿਆਤਮਕ ਪੈਂਤੜਾ ਹੈ। ਇਸ ਤਰ੍ਹਾਂ ਨਾਂਹ ਪੱਖੀ ਸਥਿਤੀਆਂ ਵਿਚੋਂ ਵੀ ਸੱਚ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਬਾਬਰ ਨੂੰ ਵੀ ਠੀਕ ਰਾਹ 'ਤੇ ਚੱਲਣ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਇਸ ਦੇ ਨਾਲ ਹੀ ਉਦਾਸੀਆਂ ਦੌਰਾਨ ਗੁਰੂ ਨਾਨਕ ਸਾਹਿਬ ਦੁਆਰਾ ਤਤਕਾਲੀ ਸਮਾਜ ਵਿਚ ਫੈਲੇ ਕੂੜ ਅਤੇ ਪਖੰਡ ਪ੍ਰਤੀ ਅਪਣਾਇਆ ਸਖਤ ਰਵੱਈਆ ਵੀ ਸਾਡੇ ਸਾਹਮਣੇ ਪ੍ਰਤੱਖ ਹੁੰਦਾ ਹੈ। ਇਸ ਨੂੰ ਵਿਸ਼ੇਸ਼ ਧਰਮ ਪਰੰਪਰਾ ਦਾ ਵਿਰੋਧ ਨਾ ਕਹਿ ਕੇ ਉਸ ਦੀ ਸਧਾਰਨ ਮਾਨਸਿਕਤਾ ਦੀ ਸੀਮਾ ਮੰਨਣਾ ਵਧੇਰੇ ਯੋਗ ਹੋਵੇਗਾ।

**ਕੁੰਜੀ ਸ਼ਬਦ :** ਉਦਾਸੀ ਪਰੰਪਰਾ, ਗੁਰੂ ਨਾਨਕ ਦੇਵ ਜੀ, ਅੰਤਰ ਧਰਮ ਸੰਵਾਦ, ਸੰਸਕ੍ਰਿਤੀ ਦਾ ਵਿਕਾਸ।

ਸਿੱਖ ਧਰਮ ਵਿਚ 'ਉਦਾਸੀ' ਸ਼ਬਦ ਮੂਲ ਰੂਪ ਵਿਚ ਅਧਿਆਤਮਕ ਸੰਦਰਭ ਵਿਚ ਵਰਤਿਆ ਗਿਆ ਹੈ, ਜਿਸ ਅਨੁਸਾਰ ਤਿਆਗ, ਉਪਰਾਮਤਾ, ਸਵੈ-ਪ੍ਰਕਾਸ਼ ਦੇ ਅਰਥ ਸੰਚਾਰਿਤ ਹੁੰਦੇ ਹਨ। ਗੁਰਬਾਣੀ ਅਨੁਸਾਰ ਅਜਿਹਾ ਉਦਾਸੀ ਸਮਾਜਿਕ-ਰਾਜਨੀਤਿਕ ਸਰੋਕਾਰਾਂ ਦੀ ਚੇਤਨਾ ਸਹਿਤ ਰੂਹਾਨੀ ਪੱਧਰ 'ਤੇ ਜਾਗਿਆ ਹੋਇਆ ਗੁਰਮੁਖਿ ਹੈ ਜੋ ਜਗਤ ਦੇ ਬਾਹਰਮੁਖੀ ਪ੍ਰਪੰਚ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੋਇਆ ਵੀ ਇਸਦੇ ਪ੍ਰਭਾਵਾਂ ਨੂੰ ਆਪਣੀ ਆਤਮਕ ਆਭਾ 'ਤੇ ਹਾਵੀ ਨਹੀਂ ਹੋਣ ਦਿੰਦਾ।[1] ਇਤਿਹਾਸਕ ਪੱਖ ਤੋਂ ਗੁਰੂ ਨਾਨਕ ਸਾਹਿਬ ਦੀਆਂ ਏਸ਼ੀਆ ਦੇ ਵੱਡੇ ਖੇਤਰ ਵਿਚ ਕੀਤੀਆਂ ਯਾਤਰਾਵਾਂ ਨੂੰ ਵੀ ਇਸ ਸ਼ਬਦ ਰਾਹੀਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਬਾਬਾ ਸ੍ਰੀ ਚੰਦ ਦੁਆਰਾ ਸਥਾਪਿਤ ਸੰਪਰਦਾਇ ਵੀ ਉਦਾਸੀ ਪੰਥ ਦੇ ਨਾਂ ਨਾਲ ਜਾਣੀ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਨੇ ਜਗਤ ਜਲੰਦੇ ਨੂੰ ਸ਼ਾਂਤੀ ਦੇਣ ਲਈ ਦੇਸ਼ਾਂਤਰੀ ਵਿਚਰਨ ਵਾਸਤੇ ਸੰਤ ਬਾਣਾ ਧਾਰਨ ਕੀਤਾ ਅਰ ਜਿਸ ਲਿਬਾਸ ਨੂੰ ਬਾਬਾ ਸ੍ਰੀ ਚੰਦ ਜੀ ਨੇ ਅੰਗੀਕਾਰ ਕਰਕੇ ਪ੍ਰਚਾਰਕਾਂ ਦੀ ਜਮਾਤ ਬਣਾਈ, ਉਸ ਦੀ ਵੀ ਉਦਾਸੀ ਸੰਗਿਆ ਹੈ।[2] ਡਾ. ਰਤਨ ਸਿੰਘ ਜੱਗੀ ਉਪਰੋਕਤ ਖਿਆਲ ਨਾਲ ਸਹਿਮਤੀ ਪ੍ਰਗਟਾਉਂਦੇ ਹੋਏ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਤਿਆਗਿਆ ਉਦਾਸੀ ਭੇਖ ਉਨ੍ਹਾਂ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਨੇ ਧਾਰਨ ਕਰ ਲਿਆ ਅਤੇ ਗ੍ਰਿਹਸਥੀਆਂ ਵਾਲੇ ਜੀਵਨ ਦਾ ਤਿਆਗ ਕਰਕੇ ਧਰਮ ਪ੍ਰਚਾਰ ਵਿਚ ਜੁਟ ਗਏ[3] ਇਸ ਪ੍ਰਕਾਰ

ਇਸ ਸ਼ਬਦ ਦੀ ਵਰਤੋਂ ਤਿੰਨ ਵਿਸ਼ਿਸ਼ਟ ਅਰਥਾਂ ਵਿਚ ਹੋਈ ਹੈ – 1. ਮਾਇਆ ਮੁਕਤ ਸਾਧਕ 2. ਗੁਰੂ ਨਾਨਕ ਸਾਹਿਬ ਦੀਆਂ ਅਧਿਆਤਮਕ ਯਾਤਰਾਵਾਂ 3. ਸੰਪਰਦਾਇ ਵਿਸ਼ੇਸ਼।[4]

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵੀ ਗੁਰੂ ਸਾਹਿਬਾਨ ਨੇ ਵੱਖ-ਵੱਖ ਖੇਤਰਾਂ ਦੀ ਯਾਤਰਾ ਕੀਤੀ ਹੈ ਪਰ ਫੇਰ ਵੀ ਇਹ ਸ਼ਬਦ ਵਿਸ਼ੇਸ਼ ਤੌਰ 'ਤੇ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਲਈ ਵਰਤਿਆ ਜਾਂਦਾ ਰਿਹਾ ਹੈ। ਇਨ੍ਹਾਂ ਲੰਮੀਆਂ ਯਾਤਰਾਵਾਂ ਦੌਰਾਨ ਗੁਰੂ ਨਾਨਕ ਦੇਵ ਜੀ ਦੁਆਰਾ ਵਿਸ਼ਵ ਦੀਆਂ ਪ੍ਰਮੁੱਖ ਧਰਮ ਪਰੰਪਰਾਵਾਂ ਦੀਆਂ ਜਗਿਆਸੂ ਬਿਰਤੀਆਂ ਨਾਲ 'ਸ਼ਬਦ ਅਨੁਭਵ' ਦੀ ਸਾਂਝ ਨੂੰ ਪੁਨਰ-ਸੁਰਜੀਤ ਕਰਨ ਦਾ ਯਤਨ ਕੀਤਾ ਗਿਆ ਹੈ। ਇਹ ਕਿਸੇ ਇਕ ਧਰਮ ਪਰੰਪਰਾ ਦੁਆਰਾ ਕਿਸੇ 'ਹੋਰ' (Other) ਨਾਲ ਨੈਤਿਕ ਕਿਸਮ ਦਾ ਵਿਵਹਾਰ ਨਾ ਹੋ ਕੇ ਵਿਆਪਕ ਪਰਿਪੇਖ ਵਿਚ ਦਿੱਬਤਾ ਦੀ ਪਾਰਦਰਸ਼ੀ ਇਕਸੁਰਤਾ ਨੂੰ ਜਗਾਉਣਾ ਹੈ। ਸਿਰਦਾਰ ਕਪੂਰ ਸਿੰਘ ਨੇ ਇਨ੍ਹਾਂ ਉਦਾਸੀਆਂ ਨੂੰ "ਮਹਾਂ ਯਾਤਰਾਵਾਂ" (Grand Tours)[5] ਅਤੇ ਗਿਆਨੀ ਗਿਆਨ ਸਿੰਘ ਨੇ "ਦਿਗ ਬਿਜੈ"[6] ਦੇ ਸ਼ਬਦਾਂ ਦੁਆਰਾ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰੋ. ਪੂਰਨ ਸਿੰਘ ਨੇ ਇਸੇ ਭਾਵਨਾ ਨੂੰ ਆਪਣੀ ਰਹੱਸਵਾਦੀ ਸ਼ੈਲੀ ਰਾਹੀਂ ਦੱਸਣ ਦੀ ਕੋਸ਼ਿਸ਼ ਕੀਤੀ ਹੈ। "None ever travelled much with the single purpose; namely to thrill the earth from pole to pole with the working of his spirit"[7]. ਇਸ ਲਈ ਉਦਾਸੀਆਂ ਨੂੰ 'ਪ੍ਰਚਾਰ ਫੇਰੀਆਂ' ਸ਼ਬਦ ਰਾਹੀਂ ਅਰਥਾਉਣ ਜਾਂ ਵਿਆਖਿਆਉਣ ਦਾ ਯਤਨ ਇਨ੍ਹਾਂ ਨੂੰ ਸਥਾਨੀਕਰਨ ਅਤੇ ਸਮਾਜਿਕ-ਸੱਭਿਆਚਾਰਕ ਅਰਥਾਂ ਤਕ ਸੀਮਿਤ ਕਰਕੇ ਇਨ੍ਹਾਂ ਦੀ ਵਿਸ਼ਾਲਤਾ ਅਤੇ ਗਹਿਰਾਈ ਨੂੰ ਜਾਣਨ/ਸਮਝਣ ਵਿਚ ਸਮੱਸਿਆ ਪੇਸ਼ ਕਰਦਾ ਹੈ। ਆਪਣੇ ਨਾਇਕ ਦੀ ਮਹਾਨਤਾ ਨੂੰ ਦੱਸਣ ਲਈ ਇੰਨੇ ਛੋਟੇ ਪ੍ਰਸੰਗ ਦਾ ਜ਼ਿਕਰ ਤਾਂ 'Odyssey'[8] ਵਿਚ ਵੀ ਨਹੀਂ ਮਿਲਦਾ, ਜਿਸ ਦੀ ਯਾਤਰਾ ਦਾ ਬਹੁਤਾ ਭਾਗ ਰੁਮਾਂਚ ਭਰਪੂਰ ਘਟਨਾਵਾਂ ਨਾਲ ਸੰਬੰਧਿਤ ਹੈ। ਉਸ ਵਿਚ ਵੀ ਦੇਵ ਲੋਕ ਦੇ ਸਾਧਾਰਨ ਮਨੁੱਖੀ ਜ਼ਿੰਦਗੀ ਵਿਚ ਦਖਲ ਨੂੰ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ। ਉਪਰੋਕਤ ਅਰਥਾਂ ਦਾ ਵੀ 'ਉਦਾਸੀ' ਦੀ ਪਰਿਭਾਸ਼ਾ ਵਿਚ ਸ਼ਾਮਿਲ ਹੋਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਪਰ ਇਹ ਸਮੁੱਚ ਨਾ ਹੋ ਕੇ ਇਕਹਿਰੇ ਪ੍ਰਭਾਵ ਨੂੰ ਦਰਸਾਉਂਦਾ ਹੈ। ਸਾਡਾ ਉਪਰੋਕਤ ਖਿਆਲ ਇਸ ਧਾਰਨਾ 'ਤੇ ਅਧਾਰਿਤ ਹੈ ਕਿ ਗੁਰੂ/ਪੈਗੰਬਰ/ਅਵਤਾਰ ਦੀ ਹਸਤੀ ਨਾਲ ਜੁੜੇ ਸਥੂਲ ਵਰਤਾਰੇ ਬਹੁਦਿਸ਼ਾਵੀ ਅਰਥਾਂ ਨੂੰ ਪ੍ਰਗਟਾਉਂਦੇ ਹਨ। ਉਨ੍ਹਾਂ ਦਾ ਰੂਹਾਨੀਅਤ ਨਾਲ ਜੁੜਿਆ ਹੋਇਆ ਦੈਵੀ ਰੁਤਬਾ ਉਨ੍ਹਾਂ ਨੂੰ ਸਾਧਾਰਨ ਵਿਅਕਤੀਤਵ ਦੀਆਂ ਹਾਲਤਾਂ ਅਤੇ ਸੀਮਾਵਾਂ ਤੋਂ ਮੁਕਤ ਕਰਦਾ ਹੈ, ਭਾਵੇਂ ਉਨ੍ਹਾਂ ਦਾ ਕਰਮ ਖੇਤਰ ਭੌਤਿਕ ਪ੍ਰਪੰਚ ਵੀ ਕਿਉਂ ਨਾ ਬਣਦਾ ਹੋਵੇ। ਇਸ ਲਈ ਵਿਆਪਕ ਦ੍ਰਿਸ਼ਟੀ ਤੋਂ ਦੇਖਿਆ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਪ੍ਰਮੁੱਖ ਉਦੇਸ਼ ਸਿਰਫ ਅਤੇ ਸਿਰਫ ਸਿੱਖੀ ਦਾ ਪ੍ਰਚਾਰ ਨਾ ਹੋ ਕੇ ਦਿੱਬਤਾ ਦੇ ਉੱਚ ਕੇਂਦਰਾਂ ਦਾ ਸਿੱਖੀ ਦੀ ਸਵੈ-ਅਨੁਭੂਤੀ ਵਿਚ ਸਥਾਨ ਨਿਸਚਿਤ ਕਰਨਾ ਵੀ ਹੈ। ਇਕ ਤਰ੍ਹਾਂ ਨਾਲ ਇਹ ਯਾਤਰਾ 'ਸ਼ਬਦ ਗੁਰੂ' ਦੇ ਆਪਣੇ ਵਿਸਥਾਰ ਦੀ ਹੀ ਯਾਤਰਾ ਹੈ। ਪ੍ਰੋ. ਪੂਰਨ ਸਿੰਘ ਇਸ ਤੱਥ ਦੀ ਗੰਭੀਰਤਾ ਤੇ ਮਹੱਤਵ ਉੱਪਰ ਧਿਆਨ ਕੇਂਦਰਿਤ ਕਰਦਿਆਂ ਗੁਰੂ ਨਾਨਕ ਸਾਹਿਬ ਨੂੰ "Old Father of his people"ਦੀ ਸੰਗਿਆ ਦਿੰਦਾ ਹੈ।

"In the trackless world of that time, the old Father of his people travelled on foot, singing the hymns of *Naam*, and gathering every trace of love. The Afghan and the Biloch, the Turk and the Tartar, the Sufi and the Brahaman, the white and the Dark races mingled in his great heart."[9] ਆਧੁਨਿਕ ਅਕਾਦਮਿਕਤਾ ਨੇ ਇਸ ਪ੍ਰਕ੍ਰਿਆ ਨੂੰ ਹੀ ਅੰਤਰ-ਧਰਮ ਸੰਵਾਦ ਦਾ ਨਾਂ ਦਿੱਤਾ ਹੈ। ਉਪਰੋਕਤ ਕਥਨ ਵਿਚ ਗੁਰੂ ਨਾਨਕ ਸਾਹਿਬ ਲਈ ਵਰਤਿਆ ਗਿਆ 'Old Father of his people' ਦਾ ਵਿਸ਼ੇਸ਼ਣ ਸਿਰਫ ਸਤਿਕਾਰ ਜਾਂ ਪ੍ਰਸ਼ੰਸਾ ਦੇ ਦ੍ਰਿਸ਼ਟੀਕੋਣ ਤੋਂ ਨਹੀਂ ਵਰਤਿਆ ਗਿਆ ਬਲਕਿ ਇਸ ਵਿਚ ਗੁਰੂ ਨਾਨਕ ਸਾਹਿਬ ਦੇ ਵਿਸ਼ਵ-ਵਿਆਪੀ ਮੁਹਾਂਦਰੇ (Cosmic Image) ਨੂੰ ਪਛਾਨਣ ਦਾ ਯਤਨ ਕੀਤਾ ਗਿਆ ਹੈ। ਗੁਰੂ ਨਾਨਕ ਜਿੰਨਾ ਵਿਅਕਤੀਆਂ ਅਤੇ ਸੰਸਥਾਵਾਂ ਨਾਲ ਸੰਪਰਕ ਪੈਦਾ ਕਰ ਰਹੇ ਹਨ। ਉਹ ਲੋਕ ਅਤੇ ਥਾਂ ਉਹਨਾਂ ਨੂੰ ਆਪਣੇ ਹੀ ਜਾਪਦੇ ਹਨ। ਹਿੰਦੂ ਉਸਦੀ ਬਾਣੀ ਵਿਚੋਂ ਆਪਣੇ ਧਰਮ ਗ੍ਰੰਥਾਂ ਨੂੰ ਯਾਦ ਕਰਦਾ ਹੈ ਅਤੇ ਮੁਸਲਮਾਨ ਕੁਰਾਨ ਦਾ ਬੋਲ ਸੁਣਦਾ ਹੈ। ਇਸ ਕਰਕੇ

ਹੀ ਗੁਰੂ ਨਾਨਕ 'ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ' ਥਾਪਿਆ ਜਾਂਦਾ ਹੈ। ਇਸ ਅਨੁਭਵ ਦੀ ਇਹ ਵਿਸ਼ਾਲਤਾ ਹੀ ਸਿੱਖ ਪੰਥ ਦੀ ਮੌਲਿਕਤਾ ਦਾ ਰੂਪ ਗ੍ਰਹਿਣ ਕਰਦੀ ਹੈ। ਗੁਰੂ ਨਾਨਕ ਦੀਆਂ ਉਦਾਸੀਆਂ ਨਾਲ ਧਰਮ, ਜਗਤ ਅਤੇ ਜੀਵਨ ਦੇ ਪੂਰਵ ਨਿਧਾਰਤ ਮਾਪ ਦੰਡਾਂ ਦੀਆਂ ਹੱਦਾਂ ਟੁੱਟ ਦੀਆਂ ਹਨ ਅਤੇ ਉਪਰੋਕਤ ਸਰੋਕਾਰ ਸੀਮਾਵਾਂ ਤੋਂ ਅਜ਼ਾਦ ਹੋ ਅਸੀਮਿਤ ਅਰਥਾਂ ਦੇ ਧਾਰਨੀ ਬਣਦੇ ਦਿਖਾਈ ਦਿੰਦੇ ਹਨ। ਡਾ. ਨਟਰਾਜਨ ਮੁਥੁਮੋਹਨ ਲਿਖਦੇ ਹਨ, "Otherwise put it, it is a creative rupture between the sacred and the profane, the religious and the secular, the spiritual and the temporal. The rigidity of each realm breaks, it becomes decentered and the limits are transcended. However, the direction of the trend is from religious to secular, from the metaphysical to the tempora"[10] ਭਾਵ ਗੁਰੂ ਨਾਨਕ ਸਾਹਿਬ ਦੇ 'ਸ਼ਬਦ ਗੁਰੂ' ਦਾ ਅਨੁਭਵ ਇੰਨਾ ਵਿਸ਼ਾਲ ਤੇ ਗਹਿਰਾ ਹੈ ਕਿ ਵਿਸ਼ਵ ਦਾ ਕੁੱਲ ਅਧਿਆਤਮਕ ਸੱਚ ਅਤੇ ਇਸ ਦੇ ਵੱਖ-ਵੱਖ ਸੰਸਥਾਗਤ ਪ੍ਰਗਟਾਵੇ ਗੁਰੂ ਨਾਨਕ ਵਿਚ ਸਮਾਏ ਹੋਏ ਹਨ। ਉਦਾਸੀਆਂ ਇਸ ਸੱਚ ਨੂੰ ਸਥਾਪਤ ਕਰਨ ਵਾਲਾ ਵਰਤਾਰਾ ਹੈ। ਭਾਈ ਨੰਦ ਲਾਲ ਵੀ ਇਸੇ ਲਈ 'ਜੋਤਿ ਬਿਗਾਸ' ਵਿਚ "ਜਿ ਪੈਸ਼ੀਨੀਆਂ ਪੇਸ਼ਤਰ ਆਮਦਾ" (ਉਹ (ਗੁਰੂ ਨਾਨਕ) ਆਪਣੇ ਪਹਿਲੇ ਹੋ ਚੁੱਕੇ ਅਵਤਾਰਾਂ ਤੋਂ ਵੀ ਪਹਿਲਾ ਦਾ ਹੈ)[11] ਦਾ ਪ੍ਰਗਟਾਵਾ ਕਰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਅਨੁਸਾਰ ਵੈਦਿਕ ਤੇ ਸਾਮੀ ਧਰਮ ਪਰੰਪਰਾਵਾਂ ਦੇ ਸਮੂਹ ਅਵਤਾਰ, ਦੇਵਤੇ, ਸਿੱਧ, ਨਾਥ, ਵਲੀ, ਨਬੀ, ਸੂਫ਼ੀ, ਗੌਸ, ਪੀਰ ਆਦਿ ਗੁਰੂ ਨਾਨਕ ਦੇ ਵਿਰਾਟ ਰੂਪ ਵਿਚ ਉਪਜਦੇ ਅਤੇ ਬਿਨਸਦੇ ਦਿਖਾਈ ਦਿੰਦੇ ਹਨ।[12] ਗੁਰੂ ਸਾਹਿਬ ਦੀ ਇਸੇ ਪ੍ਰਤਿਮਾ ਵੱਲ ਪ੍ਰੋ. ਪੂਰਨ ਸਿੰਘ ਦਾ ਇਸ਼ਾਰਾ ਜਾਪਦਾ ਹੈ। ਭਾਵ ਗੁਰੂ ਨਾਨਕ ਇਤਿਹਾਸਕ ਪਾਤਰ ਨਾ ਹੋ ਕੇ ਬ੍ਰਹਿਮੰਡੀ ਚਰਿੱਤਰ (The Cosmic Man) ਵਜੋਂ ਪਰਿਭਾਸ਼ਿਤ ਹੋ ਰਿਹਾ ਹੈ। ਸਾਡੇ ਮੁਤਾਬਿਕ ਭਾਈ ਗੁਰਦਾਸ ਜੀ ਦੁਆਰਾ ਗੁਰੂ ਨਾਨਕ ਸਾਹਿਬ ਨੂੰ 'ਜਗਤ ਗੁਰੂ ਬਾਬਾ' ਕਹਿਣ ਦੇ ਅਰਥ ਵੀ ਉਪਰੋਕਤ ਸੰਕੇਤਾਂ ਵਿਚੋਂ ਪ੍ਰਗਟ ਹੁੰਦੇ ਹਨ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀਆਂ 22 ਪਉੜੀਆਂ ਦਾ ਗਹਿਨ ਅਧਿਐਨ ਦਰਸਾਉਂਦਾ ਹੈ ਕਿ ਆਦਿ ਕਾਲ ਤੋਂ ਸਾਰੀ ਸ੍ਰਿਸ਼ਟੀ ਦਾ ਵਿਕਾਸ ਕ੍ਰਮ ਗੁਰੂ ਨਾਨਕ ਸਾਹਿਬ ਵੱਲ ਅਗਰਸਰ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਸਮੁੱਚਾ ਪਸਾਰਾ ਇਕ ਸਰਵ ਵਿਆਪੀ ਅਵਸਥਾ ਦੀ ਉਡੀਕ ਕਰ ਰਿਹਾ ਹੈ। ਉਹ ਅਵਸਥਾ 23ਵੀਂ ਪਉੜੀ ਵਿਚ ਗੁਰੂ ਨਾਨਕ ਸਾਹਿਬ ਦਾ ਆਗਮਨ ਹੈ। ਇੱਥੇ ਭੱਟਾਂ ਦੇ ਸਵੱਈਆਂ ਨੂੰ ਵੀ ਹਵਾਲੇ ਵਜੋਂ ਵੇਖਿਆ ਜਾ ਸਕਦਾ ਹੈ। ਸਾਡੇ ਉਪਰੋਕਤ ਖਿਆਲ ਮੁਤਾਬਿਕ ਸਿੱਖੀ ਨੂੰ ਹਿੰਦੂ-ਮੁਸਲਮਾਨ ਅਧਿਆਤਮਿਕਤਾ ਦਾ ਪ੍ਰਚੱਲਤ ਅਰਥਾਂ ਵਿੱਚ ਸੁਮੇਲ (Syncretism) ਸਮਝਣ ਦੀ ਗਲਤੀ ਨਾ ਕੀਤੀ ਜਾਏ ਸਾਡਾ ਭਾਵ ਗੁਰੂ ਨੂੰ 'ਅਸੀਮ ਦੇਹ' (The Infinite Body) ਵਜੋਂ ਤਸੱਵੁਰ ਕਰਨਾ ਹੈ ।

ਗੁਰਬਾਣੀ ਨੂੰ ਸ਼ਬਦ ਗੁਰੂ ਦਾ ਦਰਜਾ ਵੀ ਹਾਸਿਲ ਹੈ, ਸੋ ਗੁਰੂ ਨਾਨਕ ਸਾਹਿਬ ਰਾਹੀਂ ਧਰਤੀ 'ਤੇ ਸ਼ਬਦ ਦੀ ਸਥਾਪਤੀ ਦਾ ਉਹ ਸਿਲਸਿਲਾ ਆਰੰਭ ਹੁੰਦਾ ਹੈ। ਜਿਸ ਦਾ ਪ੍ਰਗਟਾਵਾ ਮਨੁੱਖਤਾ ਲਈ ਪਹਿਲਾਂ ਵੀ ਵੱਖ-ਵੱਖ ਇਤਿਹਾਸਕ ਸਮਿਆਂ ਦੌਰਾਨ ਅੰਸ਼ਿਕ ਰੂਪ ਵਿਚ ਹੋ ਚੁੱਕਾ ਹੈ। ਇਸੇ ਕਰਕੇ ਸਾਮੀ ਅਤੇ ਵੈਦਿਕ ਪਰੰਪਰਾਵਾਂ ਵਿਚੋਂ ਵਿਦਿਅਤ ਹੋਏ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੁੰਦੀ ਹੈ। ਉਪਰੋਕਤ ਅੰਤਰ-ਦ੍ਰਿਸ਼ਟੀਆਂ ਨੂੰ ਸਮੁੱਚਤਾ ਤੋਂ ਅਧਿਐਨ ਕੀਤਿਆਂ ਗੁਰੂ ਨਾਨਕ ਦੇਵ ਜੀ ਦੇ 'ਸ਼ਬਦਾਵਤਾਰ' ਦੀ ਵਿਰਾਟਤਾ ਦਾ ਪਤਾ ਚਲਦਾ ਹੈ। ਇਸ ਪ੍ਰਕਾਰ ਮਾਨਵਤਾ ਲਈ ਉਨ੍ਹਾਂ ਤੋਂ ਪਹਿਲਾਂ ਹੋ ਚੁੱਕੇ 'ਸਬਦਿ-ਸੁਰਤਿ' ਦੇ ਵੱਖ-ਵੱਖ ਪੜਾਵਾਂ ਨੂੰ ਉਨ੍ਹਾਂ ਦੇ ਆਖਰੀ ਘਰ 'ਸੋ ਦਰੁ' ਤਕ ਲੈ ਕੇ ਜਾਣਾ ਗੁਰੂ ਨਾਨਕ ਸਾਹਿਬ ਦਾ ਪਹਿਲਾ ਫਰਜ ਬਣ ਜਾਂਦਾ ਹੈ। ਇਹ ਕਾਰਜ ਇਸ ਕਰਕੇ ਵੀ ਕਠਿਨ ਹੈ ਕਿਉਂਕਿ ਸਬਦ ਗੁਰੂ ਦੇ ਪੂਰਵਵਰਤੀ ਪ੍ਰਗਟਾਵਿਆਂ ਦੁਆਲੇ ਸਮਾਜਿਕ-ਸਭਿਆਚਾਰਕ ਸੰਸਕਾਰਾਂ ਦਾ ਇਕ ਵੱਡਾ ਮਹਿਲ ਸਿਰਜ ਦਿੱਤਾ ਗਿਆ ਸੀ। ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਤੋਂ ਪਹਿਲਾਂ ਸਭ ਧਰਮ ਪ੍ਰੰਪਰਾਵਾਂ ਬਾਹਰ-ਮੁਖੀ ਅਭਿਆਸ ਅਤੇ ਚਿੰਨ੍ਹਾਂ ਉੱਪਰ ਕੇਂਦਰਿਤ ਸਨ ਜਾਂ ਆਪਣੀ ਧਰਮ ਪ੍ਰੰਪਰਾ ਦੇ ਗਿਆਨ ਮੁਖੀ ਪਸਾਰ ਤੱਕ ਸੀਮਤ ਹੋ ਗਈਆਂ ਸਨ, ਭਾਵ ਸਥੂਲ ਅਤੇ ਮਨੋਵਿਗਿਆਨਕ ਪੱਧਰ 'ਤੇ ਧਰਮ ਦਾ ਵਰਤਾਰਾ ਵਰਤ ਰਿਹਾ ਸੀ ਪਰ ਮਨੁੱਖਤਾ ਆਪਣੇ ਰੂਹਾਨੀ ਸੱਚ ਦੀ ਸਾਂਝ ਅਤੇ ਕੋਮਲਤਾ ਦੇ ਸਰੋਕਾਰਾਂ

ਤੋਂ ਦੂਰ ਹੋ ਰਹੀ ਸੀ।[13] ਜਿਸ ਨਾਲ ਵਿਸ਼ੇਸ਼ ਧਰਮ ਪਰੰਪਰਾ ਦਾ ਅਧਿਆਤਮਿਕ ਜਲੌਅ ਅਦ੍ਰਿਸ਼ਟ ਹੋ ਚੁੱਕਾ ਸੀ। ਭਾਈ ਗੁਰਦਾਸ ਜੀ ਦੁਆਰਾ ਦੱਸੇ ਗਏ 'ਚੜਿਆ ਸੋਧਣਿ ਧਰਤਿ ਲੋਕਾਈ' ਨੂੰ ਵੀ ਉਪਰੋਕਤ ਪ੍ਰਸੰਗ ਵਿਚ ਹੀ ਵਿਚਾਰਿਆ ਜਾਣਾ ਵਧੇਰੇ ਯੋਗ ਪ੍ਰਤੀਤ ਹੁੰਦਾ ਹੈ। ਇਥੇ ਸੋਧਣ ਤੋਂ ਭਾਵ ਨਕਾਰਨਾ ਜਾਂ ਰੱਦ ਕਰਨਾ ਨਹੀਂ ਬਲਕਿ ਉਸ ਵਿਸ਼ੇਸ਼ ਧਰਮ ਪਰੰਪਰਾ ਦੇ ਅੰਦਰੂਨੀ ਸੱਚ ਨੂੰ ਮੁੜ ਤੋਂ ਜਾਗਰਿਤ ਕਰਦਿਆਂ ਕੁੱਲ ਲੋਕਾਈ ਦੇ ਰੂਹਾਨੀ ਸੱਚ ਨਾਲ ਉਸਨੂੰ ਸੁਰਬੱਧ ਕਰਨਾ ਹੈ ਤਾਂ ਕਿ ਬਾਹਰੀ ਪੱਧਰ 'ਤੇ ਸਥਾਪਿਤ ਹੋ ਚੁੱਕੀਆਂ ਵੱਖਰਤਾਵਾਂ ਨੂੰ ਅੰਤਿਮ ਸੱਚ ਦੀ ਰੌਸ਼ਨੀ ਵਿੱਚ ਸਮਝਿਆ ਜਾ ਸਕੇ। ਗੁਰਬਾਣੀ ਵਿਚ ਹਿੰਦੂ ਨੂੰ ਸੱਚਾ ਹਿੰਦੂ ਅਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਹੋਣ ਸਬੰਧੀ ਆਉਂਦੇ ਹਵਾਲਿਆਂ ਨੂੰ ਉਪਰੋਕਤ ਖਿਆਲ ਦੇ ਮੱਦੇ ਨਜ਼ਰ ਹੀ ਠੀਕ ਰੂਪ ਨਾਲ ਸਮਝਿਆ ਜਾ ਸਕਦਾ ਹੈ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਰਾਹੀਂ ਸਮੁੱਚਾ ਲੌਕਿਕ ਤੇ ਅਲੌਕਿਕ ਵਰਤਾਰਾ 'ਸ਼ਬਦ' ਦੀ ਵਿਰਾਟਤਾ ਵਿਚ ਅਭੇਦ ਹੋ ਰਿਹਾ ਹੈ। ਸਿੱਧ ਗੋਸਟਿ ਅਤੇ ਭਾਈ ਗੁਰਦਾਸ ਜੀ ਰਾਹੀਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ 'ਸਬਦਾਵਤਾਰ' ਹਨ। ਗੁਰੂ ਗ੍ਰੰਥ ਸਾਹਿਬ ਜੀ ਨੂੰ 'ਸ਼ਬਦ ਗੁਰੂ' ਦਾ ਦਰਜਾ ਮਿਲਣ ਨਾਲ ਇਹ ਤੱਥ ਵਧੇਰੇ ਪੁਖਤਾ ਢੰਗ ਨਾਲ ਸਾਬਿਤ ਹੁੰਦਾ ਹੈ।

ਉੱਤਰ-ਆਧੁਨਿਕ ਚਿੰਤਨ ਨੇ ਪਰਸਪਰ ਵਿਰੋਧੀ ਵਰਤਾਰਿਆਂ/ਸਥਿਤੀਆਂ ਦੇ ਆਪਸੀ ਤਣਾਅ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਵੱਖ-ਵੱਖ ਧਰਮਾਂ, ਸਭਿਆਚਾਰਾਂ, ਖਿਆਲ ਪ੍ਰਬੰਧਾਂ ਆਦਿ ਦੀਆਂ ਅੰਤਰ ਕ੍ਰਿਆਵਾਂ ਨੂੰ 'ਬਹਿਸ' ਨਾ ਕਹਿ ਕੇ 'ਸੰਵਾਦ' ਦਾ ਨਾਂ ਦਿੱਤਾ ਜਾਂਦਾ ਹੈ। ਬਹਿਸ ਵਿਚ 'ਦੂਜੇ' ਨੂੰ ਸਵੈ ਹੋਂਦ ਤੋਂ ਵੱਖਰਾ ਮੰਨ ਕੇ ਆਪਣਾ ਏਕਾਧਿਕਾਰ ਜਾਂ ਜੇਤੂ ਪ੍ਰਭਾਵ ਸਿਰਜਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ 'ਦੂਜੇ' ਨੂੰ ਆਪਣੀ ਇੱਛਾ ਦੇ ਅਨੁਸਾਰੀ ਹੋਣ ਲਈ ਚੁੱਪ ਚੁਪੀਤਾ ਦਬਾਅ ਵੀ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਗਿਆਨ ਮੀਮਾਂਸਕ ਦ੍ਰਿਸ਼ਟੀਕੋਣ ਤੋਂ ਵਾਦ-ਵਿਵਾਦ ਦੇ ਉਦੇਸ਼ ਤੋਂ ਪ੍ਰੇਰਿਤ (ਖੰਡਨ-ਮੰਡਨ) ਗੱਲ-ਬਾਤ ਨੂੰ ਆਧੁਨਿਕ ਚਿੰਤਕਾਂ ਨੇ ਵਿਚਾਰਧਾਰਕ ਦਮਨ ਦਾ ਵਰਤਾਰਾ ਸਵੀਕਾਰ ਕੀਤਾ ਹੈ। ਇਸ ਦੇ ਉਲਟ ਸੰਵਾਦ ਵਿਚ ਦੋ ਵਿਭਿੰਨ ਦ੍ਰਿਸ਼ਟੀਆਂ ਇਕ ਦੂਜੇ ਨੂੰ ਨਿਆਰਾ ਮੰਨਦੇ ਹੋਏ ਅਤੇ ਸਤਿਕਾਰ ਕਾਇਮ ਕਰਦੇ ਹੋਏ ਆਪਣੇ ਸੱਚ ਦੀਆਂ ਹੋਰ ਪਰਤਾਂ ਨੂੰ ਖੋਲ੍ਹਣ ਲਈ ਕਾਰਜਸ਼ੀਲ ਹੁੰਦੀਆਂ ਹਨ, ਭਾਵ ਦੋ ਅਲੱਗ-ਅਲੱਗ ਸੱਚ ਆਪਣੇ ਤਾਤਵਿਕ ਰੂਪ ਵਿਚ ਏਕਤਾ ਦੇ ਭਾਵੁਕ ਅਤੇ ਸੰਵੇਦਨਸ਼ੀਲ ਸੰਬੰਧਾਂ ਰਾਹੀਂ ਜੁੜੇ ਹੁੰਦੇ ਹਨ। ਇਸ ਤਰ੍ਹਾਂ ਦੀਆਂ ਵਿਲੱਖਣਤਾਵਾਂ ਅਲਹਿਦਗੀ (Exclusivenss) ਦੀ ਪ੍ਰਵ੍ਰਿਤੀ ਨੂੰ ਤਿਆਗਦੀਆਂ ਹੋਈਆਂ ਜਗਤ ਅਤੇ ਬ੍ਰਹਿਮੰਡ ਦੇ ਸਮੁੱਚੇ ਪਸਾਰੇ ਦੀ ਵਿਭਿੰਨਤਾ ਨੂੰ ਖੂਬਸੂਰਤੀ ਦਾ ਨਮੂਨਾ ਪ੍ਰਵਾਨ ਕਰਦੀਆਂ ਹਨ।

ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੌਰਾਨ ਸੰਵਾਦਾਤਮਕ ਵਿਧੀ ਪ੍ਰਮੁੱਖ ਰੂਪ ਧਾਰਨ ਕਰਦੀ ਹੈ। ਜਿਸ ਵਿਚ 'ਦੂਜਾ' (Other) ਗੁਰੂ ਨਾਨਕ ਦੇਵ ਜੀ ਦੇ ਸਵੈ ਤੋਂ ਵੱਖਰੀ ਹੋਂਦ ਨਹੀਂ ਰੱਖਦਾ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੂਜਿਆਂ ਦੀ ਮੁਕਤੀ ਲਈ ਰਾਹ ਦਾ ਪ੍ਰਗਟਾਵਾ ਕਰ ਰਹੇ ਹਨ। ਇਸ ਵਿਚ ਗਲਤ ਜਾਂ ਸਹੀ ਦੀ ਪੂਰਵ ਨਿਰਧਾਰਿਤ ਧਾਰਨਾ ਅਨੁਸਾਰ ਵਿਵਹਾਰ/ਫੈਸਲਾ ਨਹੀਂ ਕੀਤਾ ਜਾਂਦਾ ਸਗੋਂ ਜਦੋਂ ਸਧਾਰਨ ਮਨੁੱਖੀ ਮਾਨਸਿਕਤਾ 'ਹੁਕਮ' ਦੀ ਉਲੰਘਣਾ ਜਾਂ ਵਿਰੋਧ ਵਾਲੇ ਹਾਲਾਤ ਪੈਦਾ ਕਰਦੀ ਹੈ ਉਦੋਂ ਵੀ ਗੁਰੂ ਨਾਨਕ ਸਾਹਿਬ ਆਪਣੇ ਪੈਗੰਬਰੀ ਪ੍ਰੇਮ ਦਾ ਪ੍ਰਗਟਾਵਾ ਕਰਦੇ ਰਹਿੰਦੇ ਹਨ। ਉਪਰੋਕਤ ਪ੍ਰਸੰਗ ਵਿਚ ਸੱਜਣ ਠੱਗ, ਮਲਿਕ ਭਾਗੋ, ਕੌਡੇ ਰਾਖਸ਼, ਵਲੀ ਕੰਧਾਰੀ ਆਦਿ ਨਾਲ ਸੰਬੰਧਿਤ ਸਾਖੀਆਂ ਨੂੰ ਸਮਝਿਆ ਜਾ ਸਕਦਾ ਹੈ। ਗੁਰੂ ਸਾਹਿਬ ਦੀਆਂ ਉਦਾਸੀਆਂ ਦੌਰਾਨ ਜੋਗੀਆਂ, ਪੰਡਿਤਾਂ, ਮੁਲਾਣਿਆਂ ਨਾਲ ਹੋਏ ਸੰਵਾਦ ਵੀ ਸਾਡੀ ਇਸ ਧਾਰਨਾ ਨੂੰ ਠੀਕ ਸਾਬਿਤ ਕਰਦੇ ਹਨ। ਗੁਰੂ ਨਾਨਕ ਸਾਹਿਬ ਮੰਨਦੇ ਹਨ ਕਿ ਬੁਰਾਈ ਵੀ ਆਪਣੀ ਮੁਕਤੀ ਲਈ ਆਸ ਕਰਦੀ ਹੈ ਇਸ ਲਈ ਬੁਰਾਈ ਦਾ ਹਰੇਕ ਰੂਪ ਦਰਅਸਲ ਚੰਗਿਆਈ ਦੀ ਗਵਾਹੀ ਹੈ, ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਬੁਰਾਈ ਵੀ ਸ਼ੁੱਧ ਰੂਪ ਵਿਚ ਬੁਰਾਈ ਨਾ ਹੋ ਕੇ, ਮਨੁੱਖੀ ਮਾਨਸਿਕਤਾ ਦੁਆਰਾ ਸਮੇਂ-ਸਥਾਨ ਦੀਆਂ ਲੋੜਾਂ/ਮਜ਼ਬੂਰੀਆਂ ਅਤੇ ਸਮਾਜਿਕ- ਸੱਭਿਆਚਾਰਕ ਉਲਾਰਾਂ/ਡਰਾਂ ਤਹਿਤ ਆਪਣੇ ਅਸਤਿਤਵੀ ਅਰਥਾਂ ਨੂੰ ਜਿਊਂਦਾ ਰੱਖਣ ਲਈ ਲਿਆ ਗਿਆ ਸੁਰੱਖਿਆਤਮਕ ਪੈਂਤੜਾ ਹੈ। ਇਸ

ਤਰ੍ਹਾਂ ਨਾਂਹ ਪੱਖੀ ਸਥਿਤੀਆਂ ਵਿਚੋਂ ਵੀ ਸੱਚ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਬਾਬਰ ਨੂੰ ਵੀ ਠੀਕ ਰਾਹ 'ਤੇ ਚੱਲਣ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਇਸ ਦੇ ਨਾਲ ਹੀ ਉਦਾਸੀਆਂ ਦੌਰਾਨ ਗੁਰੂ ਨਾਨਕ ਸਾਹਿਬ ਦੁਆਰਾ ਤਤਕਾਲੀ ਸਮਾਜ ਵਿਚ ਫੈਲੇ ਕੂੜ ਅਤੇ ਪਖੰਡ ਪ੍ਰਤੀ ਅਪਣਾਇਆ ਸਖਤ ਰਵੱਈਆ ਵੀ ਸਾਡੇ ਸਾਹਮਣੇ ਪ੍ਰਤੱਖ ਹੁੰਦਾ ਹੈ। ਇਸ ਨੂੰ ਵਿਸ਼ੇਸ਼ ਧਰਮ ਪਰੰਪਰਾ ਦਾ ਵਿਰੋਧ ਨਾ ਕਹਿ ਕੇ ਉਸ ਦੀ ਸਧਾਰਣ ਮਾਨਸਿਕਤਾ ਦੀ ਸੀਮਾ ਮੰਨਣਾ ਵਧੇਰੇ ਯੋਗ ਹੋਵੇਗਾ। ਭਾਵ 'ਪਰ' ਦੀਆਂ ਸੀਮਾਵਾਂ ਨੂੰ ਮੰਨਿਆ ਜਾ ਸਕਦਾ ਹੈ ਪਰ ਉਸ ਨੂੰ ਨਕਾਰਿਆ ਨਹੀਂ ਜਾ ਸਕਦਾ ਅਤੇ ਮਨੁੱਖੀ ਜ਼ਿੰਦਗੀ ਵਿਚ ਸਥਾਪਿਤ ਉਸ ਦਾ ਥਾਂ ਖੋਹਿਆ ਨਹੀਂ ਜਾ ਸਕਦਾ। ਇਸ ਦ੍ਰਿਸ਼ਟੀਕੋਣ ਤੋਂ ਡਾ. ਗੁਰਭਗਤ ਸਿੰਘ ਦਾ ਕਥਨ ਵਧੇਰੇ ਢੁੱਕਵਾਂ ਪ੍ਰਤੀਤ ਹੁੰਦਾ ਹੈ, ਉਨ੍ਹਾਂ ਅਨੁਸਾਰ ਗੁਰੂ ਨਾਨਕ ਦੀ ਦ੍ਰਿਸ਼ਟੀ ਅਲੋਚਨਾਤਮਿਕ ਵੀ ਹੈ ਅਤੇ ਸੰਵਾਦੀ ਵੀ।[14] ਇਸ ਨਜ਼ਰੀਏ ਤੋਂ ਗੁਰੂ ਨਾਨਕ ਸਾਹਿਬ ਕਈ ਥਾਵਾਂ 'ਤੇ ਬੁਰਾਈ ਦੇ ਅਧਿਆਤਮਕ ਸੰਕਟ ਦਾ ਨਿਸਤਾਰਾ ਕਰਦੇ ਨਜ਼ਰ ਆਉਂਦੇ ਹਨ। ਗੁਰੂ ਨਾਨਕ ਸਾਹਿਬ ਦਾ ਇਹ ਵਿਵਹਾਰ ਉੱਤਰ-ਆਧੁਨਿਕ ਵਿਚਾਰਧਾਰਾ ਤੋਂ ਵੀ ਵਡੇਰੇ ਅਰਥਾਂ ਨੂੰ ਧਾਰਨ ਕਰਦਾ ਜਾਪਦਾ ਹੈ।

ਅਕਾਦਮਿਕ ਖੇਤਰ ਵਿਚ ਸਭ ਤੋਂ ਪਹਿਲਾਂ ਵੱਖ-ਵੱਖ ਧਰਮਾਂ, ਮਤਾਂ, ਸੰਪਰਦਾਵਾਂ ਦੀਆਂ ਆਪਸੀ ਸੰਬੰਧਾਂ ਦੇ ਵਿਸ਼ਲੇਸ਼ਣ ਹਿਤ 'ਤੁਲਨਾਤਮਿਕ ਅਧਿਐਨ ਵਿਧੀ' ਦਾ ਪ੍ਰਯੋਗ ਕੀਤਾ ਗਿਆ ਪਰ ਬਾਅਦ ਵਿਚ 'ਅੰਤਰ-ਧਰਮ ਸੰਵਾਦ' ਹੋਂਦ ਵਿਚ ਆਇਆ। ਉਪਰੋਕਤ ਦੋਨੋਂ ਵਿਧੀਆਂ ਧਾਰਮਿਕ ਬਹੁਲਤਾਵਾਦ ਨੂੰ ਇਕ ਸੂਤਰ ਵਿਚ ਪਰੋਣ ਦਾ ਢੰਗ ਹੈ, ਜਿਸ ਤਹਿਤ ਅਸਾਮਾਨ ਤੱਥਾਂ ਨੂੰ ਅਣਡਿੱਠ ਕਰਦੇ ਹੋਏ ਸਾਂਝੀਆਂ ਧਾਰਨਾਵਾਂ ਦੀ ਪਛਾਣ ਕੀਤੀ ਜਾਂਦੀ ਹੈ। ਹਾਲਾਂਕਿ ਧਰਮਾਂ ਦੇ ਆਪਸੀ ਵਿਰੋਧ ਦਾ ਵਧੇਰੇ ਭਾਗ ਸਮਾਜਿਕ-ਸੱਭਿਆਚਾਰਕ ਕਾਰਨਾਂ ਵਿਚ ਹੀ ਨਿਹਿਤ ਹੁੰਦਾ ਹੈ ਅਤੇ ਇਹ ਵੀ ਸੱਚ ਹੈ ਕਿ ਧਰਮ ਅਧਾਰਿਤ ਆਪਸੀ ਟਕਰਾਅ ਕੋਈ ਆਧੁਨਿਕ ਵਰਤਾਰਾ ਨਹੀਂ ਬਲਕਿ ਪ੍ਰਾਚੀਨ ਸਮੇਂ ਤੋਂ ਹੀ ਇਸ ਦੇ ਨਾਂਹ-ਪੱਖੀ ਸਿੱਟਿਆਂ ਨੂੰ ਮਹਿਸੂਸ ਕੀਤਾ ਜਾਂਦਾ ਰਿਹਾ ਹੈ। ਆਧੁਨਿਕ ਮਨੁੱਖ ਨੇ ਧਰਮ ਨਿਰਪੱਖਤਾ, ਮਾਨਵਤਾਵਾਦ, ਵਿਸ਼ਵੀਕਰਨ, ਵਿਗਿਆਨਵਾਦ ਆਦਿ ਵਰਗੇ ਨਵੇਂ ਰੁਝਾਨਾਂ ਰਾਹੀਂ ਉਪਰ ਵਰਣਿਤ ਸੰਕਟ ਨੂੰ ਹੱਲ ਕਰਨ ਦੇ ਯਤਨ ਕੀਤੇ ਹਨ ਪਰ ਫਿਰ ਵੀ ਸੈਮੂਅਲ ਹਟਿੰਗਟਨ ਦੇ ਕਹੇ ਅਨੁਸਾਰ ਇਹ 'ਸੱਭਿਆਤਾਵਾਂ ਦੇ ਟਕਰਾਅ' ਵਿਚ ਪਰਿਵਰਤਿਤ ਹੋ ਗਿਆ ਹੈ।[15] ਇਸ ਕਰਕੇ ਵੀ 'ਅੰਤਰ ਧਰਮ ਸੰਵਾਦ' ਨੂੰ ਵਧੇਰੇ ਤਰਜੀਹ ਦਿੱਤੀ ਜਾਣ ਲੱਗੀ ਹੈ। ਇਸ ਦਾ ਇਕ ਹੋਰ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਸੰਸਾਰ ਦੀ ਮੁੱਖ ਧਾਰਾ ਦੇ ਕੁੱਝ ਧਰਮਾਂ ਵੱਲੋਂ ਦੂਜਿਆਂ ਦਾ ਆਪਣੇ ਅਨੁਸਾਰ ਵਿਆਖਿਆ ਦੁਆਰਾ ਸਿਧਾਂਤਕ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੂਜਿਆਂ ਦੇ ਵਿਲੱਖਣ ਅੰਤਰਾਂ ਨੂੰ ਇਕਸਾਰਤਾ ਦੇ ਨਾਂ ਹੇਠਾਂ ਅਲੋਪ ਕੀਤਾ ਜਾ ਰਿਹਾ ਹੈ। ਸਿੱਟੇ ਵਜੋਂ ਤਣਾਅ ਭਰਪੂਰ ਸਥਿਤੀਆਂ ਦੀ ਗਿਣਤੀ 'ਚ ਵਾਧਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। 'ਅੰਤਰ-ਧਰਮ ਸੰਵਾਦ' ਵਿਚ ਦੂਜੇ (Other) ਦੇ ਵਜੂਦ ਨੂੰ ਸੰਪੂਰਨ ਅਤੇ ਹਮਰੁਤਬਾ ਮੰਨ ਕੇ ਉਦਾਰ ਮਾਹੌਲ ਰਾਹੀਂ ਜਾਣਨ-ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕੁੱਝ ਇਸ ਤਰ੍ਹਾਂ ਦੇ ਸਾਂਝੇ ਫ਼ਿਕਰਾਂ ਦੇ ਸਿੱਟੇ ਵਜੋਂ 'ਅੰਤਰ ਧਰਮ ਸੰਵਾਦ' ਇਕ ਅਕਾਦਮਿਕ ਵਿਸ਼ੇ ਦੇ ਰੂਪ ਵਿਚ ਪੇਸ਼ ਹੋ ਰਿਹਾ ਹੈ।

ਉਦਾਸੀਆਂ ਦੇ ਮਹੱਤਵ ਨੂੰ ਸਥਾਨਕ/ਭੂਗੋਲਿਕ ਸਰੋਕਾਰਾਂ ਤੋਂ ਵੱਡੇ ਪ੍ਰਸੰਗ ਵਿਚ ਦੇਖਣ ਦੀ ਵਧੇਰੇ ਲੋੜ ਇਸ ਕਰਕੇ ਵੀ ਹੈ ਕਿਉਂਕਿ ਸ੍ਰੋਤਾਂ ਅਨੁਸਾਰ 'ਉਦਾਸੀ ਕੀ ਰੀਤ' ਵੀ ਰੱਬੀ ਦਰਗਾਹ ਦੇ ਹੁਕਮ ਅਧੀਨ ਹੀ ਸ਼ੁਰੂ ਕੀਤੀ ਗਈ ਸੀ। ਇਹ ਸਾਧਾਰਨ ਨਾਇਕ ਦੁਆਰਾ ਮਨੋਵਿਗਿਆਨਕ ਪੱਧਰ ਦਾ ਲਿਆ ਗਿਆ ਫੈਸਲਾ ਨਹੀਂ ਸੀ। ਅਜਿਹੇ ਅਨੁਭਵ ਨੂੰ ਦਰਸਾਉਂਦਾ ਗੁਰੂ ਨਾਨਕ ਦਾ ਇਕ ਸ਼ਬਦ 'ਮਾਝ ਕੀ ਵਾਰ' ਵਿਚ ਪਉੜੀ ਰੂਪ ਵਿਚ ਦਰਜ ਹੈ। ਜਿਸ ਵਿਚ 'ਕਾਰੈ ਲਾਇਆ' ਦਾ ਪ੍ਰੇਰਨਾ ਸ੍ਰੋਤ 'ਧੁਰਹੁ ਫੁਰਮਾਇਆ' ਕਿਹਾ ਕਿਹਾ ਗਿਆ ਹੈ।[16] ਨਿਸਚਿਤ ਰੂਪ ਨਾਲ ਵੇਂਈ ਨਦੀ ਪਰਵੇਸ਼ ਉਪਰੰਤ ਉਦਾਸੀਆਂ ਦਾ ਫੈਸਲਾ ਰੱਬੀ ਪ੍ਰੇਰਨਾ ਤਹਿਤ ਲਿਆ ਗਿਆ ਸੀ। ਇਸੇ ਨੂੰ ਭਾਈ ਗੁਰਦਾਸ ਜੀ ਨੇ 'ਬਖਸੁ ਦਰ' ਕਿਹਾ ਹੈ। ਭਾਈ ਮਨੀ ਸਿੰਘ ਜੀ ਵਾਲੀ ਜਨਮ ਸਾਖੀ ਅਨੁਸਾਰ 'ਬਾਬੇ ਨੂੰ ਆਗਿਆ ਹੋਈ ਤੁਸੀ ਜਾਓ, ਅਰ ਤੀਰਥਾਂ ਪਰ ਜਾਇ ਕੇ ਸਤਨਾਮ ਦਾ ਚੱਕਰ ਫਿਰਾਓ।"[17] ਰਤਨ ਸਿੰਘ ਭੰਗੂ ਵੀ ਲਗਭਗ ਇਸੇ ਖਿਆਲ ਦਾ ਧਾਰਨੀ ਹੈ। ਉਸ

ਅਨੁਸਾਰ ਬਾਣੀ ਦੇ ਉਤਰਨ ਵਾਂਗ 'ਉਦਾਸੀ' ਵੀ ਗੁਰੂ ਸਾਹਿਬ ਨੂੰ ਆਈ ਅਤੇ ਉਨ੍ਹਾਂ ਦੀ ਸੁਰਤ ਵਿਚ ਮਾਨਵਤਾ ਦਾ ਫ਼ਿਕਰ ਜਾਗਿਆ।[18]

ਡਾ. ਮੁਹੰਮਦ ਇਕਬਾਲ ਦੇ ਅਨੁਸਾਰ ਵੀ ਉਦਾਸੀਆਂ ਦਾ ਰੱਬੀ ਆਦੇਸ਼ ਸਿਮਰਨ ਅਤੇ ਬੰਦਗੀ ਦੌਰਾਨ ਪ੍ਰਾਪਤ ਹੋਇਆ। ਆਪ ਲਿਖਦੇ ਹਨ ਕਿ In his liesure hours he retired to the jungles for meditation and tradition says that in one of these dovotional excurssions he was taken in a vision to the Divine Presence and there received his mission to preach to the world ...[19] ਭਾਈ ਨੰਦ ਲਾਲ ਆਪਣੀ ਪ੍ਰਸਿੱਧ ਰਚਨਾ 'ਗੰਜਨਾਮਾ' ਵਿਚ ਵੀ ਗੁਰੂ ਨਾਨਕ ਸਾਹਿਬ ਦਾ ਸੱਚ-ਖੰਡ ਵਿਖੇ ਪਾਰਬ੍ਰਹਮ ਪਰਮੇਸ਼ਰ ਨਾਲ ਮੇਲ ਬਾਰੇ ਜ਼ਿਕਰ ਕਰਦੇ ਹੋਏ ਉਦਾਸੀਆਂ ਦਾ ਹੁਕਮ ਵੀ ਅਕਾਲ ਪੁਰਖ ਵੱਲੋਂ ਖੁਦ ਕੀਤਾ ਗਿਆ ਦਰਸਾਉਂਦੇ ਹਨ। ਆਪ ਲਿਖਦੇ ਹਨ ਕਿਉਂਕਿ ਅਸਲ ਵਿਚ ਮੈਂ ਹੀ (ਤੈਨੂੰ) ਰਾਹ ਦਿਖਾਉਣ ਵਾਲਾ ਹਾਂ, (ਇਸ ਲਈ) ਤੂੰ ਇਸ ਜਹਾਨ ਦਾ ਪੰਧ ਆਪਣੇ ਪੈਰਾਂ ਨਾਲ ਮੁਕਾ।[20]

ਗੁਰੂ ਨਾਨਕ ਦੁਆਰਾ ਪ੍ਰਕਾਸ਼ਿਤ ਪ੍ਰਮਾਤਮਾ ਦਾ ਸੰਕਲਪ ਹੋਂਦ (Being) ਸਹਿਤ 'ਹੋਣਾ' (Becoming) ਵੀ ਹੈ। ਸੋ ਪਦਾਰਥਕ ਜਗਤ ਦੀਆਂ ਬਚਿੱਤਰ ਵਿਲੱਖਣਤਾਵਾਂ (Variations) ਬਿਸਮਾਦ, ਵਿਡਾਣ, ਅਸਚਰਜਤਾ ਦੇ ਭਾਵਾਂ ਨੂੰ ਜਨਮ ਦਿੰਦੀਆਂ ਹਨ; ਇਸ ਤਰ੍ਹਾਂ ਇਹ ਪਵਿੱਤਰ (Sacred) ਨੂੰ ਪ੍ਰਤਿਬਿੰਬਤ ਕਰਦੀਆਂ ਹੋਣ ਕਰਕੇ ਜਾਂ ਇਕ ਪਾਰਦਰਸ਼ੀ ਕੇਂਦਰ ਨਾਲ ਸੰਬੰਧਿਤ ਹੋਣ ਕਰਕੇ ਆਪ ਮੁਹਾਰੇ ਹੀ ਅਨਿਕ-ਸੰਵਾਦੀ ਪ੍ਰਕ੍ਰਿਤੀ ਧਾਰਨ ਕਰਦੀਆਂ ਹਨ। ਇਸ ਲਈ ਗੁਰਬਾਣੀ ਦੁਆਲੇ ਉਸਰੇ ਦਰਸ਼ਨ ਅਤੇ ਗੁਰੂ ਨਾਨਕ ਦੀਆਂ ਉਦਾਸੀਆਂ ਦੀ ਸੰਵਾਦੀ ਪ੍ਰਕ੍ਰਿਤੀ ਸਮੇਂ-ਸਥਾਨ ਦੀਆਂ ਲੋੜਾਂ ਮੁਤਾਬਿਕ ਯੋਜਨਾ ਦਾ ਹਿੱਸਾ ਨਹੀਂ ਬਲਕਿ ਇਹ ਉਨ੍ਹਾਂ ਦਾ ਕੁਦਰਤੀ ਸੁਭਾਅ ਹੈ। ਜਿਵੇਂ ਸੂਰਜ ਦੁਆਰਾ ਧਰਤੀ ਉੱਪਰ ਪ੍ਰਕਾਸ਼ ਦਾ ਫੈਲਾਅ ਉਸ ਲਈ ਸੁਭਾਵਿਕ ਹੈ। ਜਦ ਸੂਰਜ ਚੜ੍ਹੇਗਾ ਬਨਸਪਤੀ, ਜੀਵ-ਜੰਤ ਜ਼ਰੂਰੀ ਤੌਰ 'ਤੇ ਉਸ ਦੇ ਪ੍ਰਕਾਸ਼ ਨੂੰ ਪ੍ਰਾਪਤ ਹੋਣਗੇ। ਮੁਲਤਾਨ ਵਾਲੀ ਸਾਖੀ, ਪੁਰੀ ਵਿਚ ਆਰਤੀ ਅਤੇ ਸੁਲਤਾਨਪੁਰ ਵਿਖੇ ਮਸਜਿਦ ਵਿਚ ਹੋਰਨਾਂ ਨਾਲ ਅਰਾਧਨਾ ਵਿਚ ਸ਼ਾਮਲ ਹੋਣਾ ਦਸਦਾ ਹੈ ਕਿ ਗੁਰੂ ਨਾਨਕ ਸਾਹਿਬ ਅਨੇਕਤਾ, ਅੰਤਰਾਂ ਅਤੇ ਵਿਲੱਖਣਤਾਵਾਂ ਨੂੰ ਸਵੀਕਾਰ ਹੀ ਨਹੀਂ ਕਰ ਰਹੇ ਸਗੋਂ ਦੁ-ਪੱਖੀ ਅਭਿਆਸ ਰਾਹੀਂ ਇਕ ਸਾਂਝੇ ਵਿਵਹਾਰ ਰਾਹੀਂ ਰਚਨਾ ਵੀ ਕਰ ਰਹੇ ਹਨ। ਸੰਵਾਦ ਤੋਂ ਭਾਵ 'ਹੋਰ' ਨੂੰ ਸਿਰਫ ਮਾਨਤਾ ਦੇਣਾ ਜਾਂ ਜਾਣਨ ਦੀ ਕੋਸ਼ਿਸ਼ ਕਰਨਾ ਹੀ ਨਹੀਂ ਬਲਕਿ ਉਸ ਪ੍ਰਤੀ ਸਕਾਰਾਤਮਿਕ ਅਤੇ ਸਿਰਜਣਾਤਮਿਕ ਵਤੀਰਾ ਵੀ ਗ੍ਰਹਿਣ ਕਰਨਾ ਹੈ। ਉਦਾਸੀਆਂ ਦਾ ਉਦੇਸ਼ ਦੂਜਿਆਂ ਨੂੰ ਆਪਣੀ ਸੁਣਾਉਣਾ ਹੀ ਨਹੀਂ ਬਲਕਿ ਉਨ੍ਹਾਂ ਦੀ ਗੱਲ ਨੂੰ ਸੁਣਨਾ ਵੀ ਹੈ। ਇਸ ਸਬੰਧੀ ਡਾ. ਧਰਮ ਸਿੰਘ ਦੀ ਭਾਵਪੂਰਤ ਟਿੱਪਣੀ ਮਿਲਦੀ ਹੈ ਉਹ ਲਿਖਦੇ ਹਨ The idea was to listen them then convey them his view point. Instead of thrusting his view truth on anyone, he would listen to them and also share with them the revelation he had had [21]

1) ਉਦਾਸੀਆਂ ਦੌਰਾਨ ਪ੍ਰਤੱਖ ਹੁੰਦਾ ਇਤਿਹਾਸਕ ਨਾਨਕ ਦਾ ਬਿੰਬ, ਅਸਲ ਗੁਰੂ ਨਾਨਕ, ਜਿਸ ਦਾ ਪ੍ਰਤੀਕ ਮਈ ਅਰਥ ਵਿਸਥਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਇਸ ਨਾਲ ਜੁੜੀ ਅਧਿਆਤਮਿਕਤਾ ਵਿੱਚ ਦ੍ਰਿਸ਼ਟੀ ਗੋਚਰ ਹੁੰਦਾ ਹੈ, ਦੀ ਇੱਕ ਪਰਤੌ (Reflection) ਹੈ ਇਸ ਲਈ ਗੁਰੂ ਨਾਨਕ ਦਾ ਸੰਪੂਰਨ ਅਕਸ ਉਹਨਾਂ ਨਾਲ ਸੰਬੰਧਤ ਰੂਹਾਨੀਅਤ ਨਾਲ ਜੋੜ ਕੇ ਹੀ ਸਿਰਜਿਆ ਜਾ ਸਕਦਾ ਹੈ।
2) ਉਦਾਸੀ ਨੂੰ ਪਰਿਭਾਸ਼ਿਤ ਕਰਨ ਲਈ ਗੁਰੂ ਨਾਨਕ ਦੇ ਸਮਾਜਿਕ ਬਿੰਬ ਨਾਲ ਜੁੜੇ ਸਥਾਨ, ਵਿਅਕਤੀ, ਪਹਿਰਾਵੇ ਆਦਿ ਦੇ ਪ੍ਰਤੀਕ ਆਤਮਿਕ ਅਰਥਾਂ ਦਾ ਦਾਰਸ਼ਨਿਕ ਵਿਵੇਚਨ ਵੀ ਵਧੇਰੇ ਜਰੂਰੀ ਹੈ। ਜਿਵੇ ਕਿ ਸ. ਕਪੂਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਜੁੜੇ ਸੰਕੇਤਾਂ ਨੂੰ ਉਜਾਗਰ ਕਰਨ ਦੇ ਲਈ ਆਪਣੀ ਸ਼ਾਹਕਾਰ ਰਚਨਾ Prasar Prasana ਵਿੱਚ ਕੀਤਾ ਹੈ।
3) ਉਦਾਸੀਆਂ ਨੂੰ ਮਨੋਵਿਗਿਆਨਿਕ ਨਿਰਣੇ ਦੀ ਤੁਲਨਾ ਵਿੱਚ ਦੈਵੀ ਵਿਧਾਨ (ਇੱਛਾ) ਦਾ ਪ੍ਰਗਟਾ ਮੰਨਣਾ ਵਧੇਰੇ ਉਚਿੱਤ ਜਾਪਦਾ ਹੈ।

ਕਿਹਾ ਜਾ ਸਕਦਾ ਹੈ ਕਿ, ਪੰਜਾਬ ਪ੍ਰਾਚੀਨ ਸਮੇਂ ਤੋਂ ਹੀ ਵੱਖ-ਵੱਖ ਨਸਲਾਂ ਅਤੇ ਪਿਛੋਕੜ ਵਾਲੇ ਸਮੂਹਾਂ ਦੀ ਤੀਬਰ ਅੰਤਰ ਕ੍ਰਿਆ ਦਾ ਮਰਕਜ਼ ਰਿਹਾ ਹੈ। ਪੰਜਾਬ ਨੇ ਭਾਰਤੀ ਤੇ ਅਰਬੀ ਸੱਭਿਅਤਾਵਾਂ ਦੇ ਸੰਗਮ ਨੂੰ ਥਾਂ ਦਿੱਤਾ ਅਤੇ ਗੁਰੂ ਨਾਨਕ ਸਾਹਿਬ ਨੇ ਪ੍ਰਮੁੱਖ ਧਾਰਮਿਕ ਸਥਾਨਾਂ ਅਤੇ ਸਖ਼ਸ਼ੀਅਤਾਂ ਤੋਂ ਇਲਾਵਾ ਦੂਰ-ਦੁਰਾਡੇ ਦੇ ਲੋਕ ਸਮੂਹਾਂ ਅਤੇ ਕਬੀਲਿਆਂ ਵਿਚ ਜਾ ਕੇ ਇਸ ਸੁਮੇਲ ਨੂੰ ਅਰਥਪੂਰਣ ਬਣਾਇਆ ਹੈ। ਹਰ

ਧਰਮ ਆਪਣੇ ਅਧਿਆਤਮਿਕ ਅਨੁਭਵ ਦੀ ਗਹਿਰਾਈ ਵਿਚ ਸਮਾਨ ਰੂਪ ਅਖਤਿਆਰ ਕਰ ਲੈਂਦਾ ਹੈ, ਜਿਥੇ ਬਾਹਰੀ ਵਿਵਹਾਰ ਅਤੇ ਚਿੰਨ੍ਹ ਪਛਾਣ ਦਾ ਰੂਪ ਧਾਰਨ ਕਰ ਲੈਂਦੇ ਹਨ ਪਰੰਤੂ ਅਧਿਆਤਮਿਕ ਅਨੁਭਵ ਵਿਚ ਇਹ ਸਮੱਸਿਆ ਪੈਦਾ ਨਹੀਂ ਕਰਦੀ। ਇਸ ਦ੍ਰਿਸ਼ਟੀ ਤੋਂ ਸਭ ਧਰਮਾਂ ਦੀਆਂ ਸਥਾਨਕ ਵਿਸ਼ੇਸ਼ ਅਤੇ ਵੇਰਵੇ ਇਕ ਦੂਸਰੇ ਵਿਚ ਘੁਲ ਜਾਂਦੇ ਹਨ। ਗੁਰੂ ਨਾਨਕ ਸਾਹਿਬ ਇਸ ਤਰ੍ਹਾਂ ਦਾ ਇਕ ਸਾਂਝਾ ਪਾਰਦਰਸ਼ੀ ਕੇਂਦਰ ਸਿਰਜਣ ਲਈ ਯਤਨਸ਼ੀਲ ਹਨ।

### ਹਵਾਲੇ ਅਤੇ ਟਿੱਪਣੀਆਂ


1. (ੳ) ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥ ਗੁਰੂ ਗ੍ਰੰਥ ਸਾਹਿਬ, ਪੰਨਾ 1070
   (ਅ) ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ॥ ਗੁਰੂ ਗ੍ਰੰਥ ਸਾਹਿਬ, ਪੰਨਾ 1332
2. ਕਾਨ੍ਹ ਸਿੰਘ ਨਾਭਾ, ਗੁਰੁਮਤ ਮਾਰਤੰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962, ਪੰਨਾ 6
3. ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼ (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ, ਪਟਿਆਲਾ, 2005, ਪੰਨਾ 6
4. ਡਾ. ਰਤਨ ਸਿੰਘ ਜੱਗੀ (ਸੱਪਾ.), ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ 2011, ਪੰਨਾ 4-5
5. Madanjit Kaur and Piar Singh (Ed.), Guru Nanak's Life and Thought, GNDU, Amritsar, 2001, P.11
6. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪਟਿਆਲਾ, 1987
   (ੳ) ਸ੍ਰੀ ਗੁਰ ਨਾਨਕ ਦਿਗ ਬਿਜੈ ਕਰਹੈ ਫਿਰ ਬਹੁ ਦੇਸੁ॥ ਪੰਨਾ 41
   (ਅ) ਧਰਮ ਧੁਰੰਧਰ ਹੋਇ ਦਿਗ ਬਿਜੈ ਕਰ ਧਰ ਸਾਰੀ॥ ਪੰਨਾ 33
   (ੲ) ਖੰਡ ਕੈ ਪਖੰਡ ਮਤ ਮੰਦ ਕੈ ਧਰਮ ਸਤ, ਸ੍ਰੀ ਗੁਰੂ ਨਾਨਕ ਜੀ ਦਿਗ ਬਿਜੈ ਕੀਨ ਹੈ॥ ਪੰਨਾ 78
7. Prof. Puran Singh, The Book of the Ten Masters, Punjabi University, Patiala, 2000, P.6
8. Odyssey ਹੋਮਰ ਦੁਆਰਾ ਲਿਖਿਆ ਗਿਆ ਇਕ ਪ੍ਰਸਿੱਧ ਯੂਨਾਨੀ ਮਹਾਕਾਵਿ ਦਾ ਨਾਮ ਹੈ
9. Prof. Puran Singh, Opp. Citt. P.18
10. Muthumohan, Essential Postulates of Sikhism, Pbi. Uni. Patiala, 2003, P.127
11. ਗੰਡਾ ਸਿੰਘ (ਸੰਪਾ.), ਭਾਈ ਨੰਦ ਲਾਲ ਗ੍ਰੰਥਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 192
12. ਭਾਈ ਨੰਦ ਲਾਲ ਕ੍ਰਿਤ ਗੰਜਨਾਮਾ ਅਤੇ ਜੋਤਿ ਬਿਗਾਸ ਨੂੰ ਦੇਖਿਆ ਜਾ ਸਕਦਾ ਹੈ
13. (ੳ) ਕਲਜੁਗਿ ਬੋੱਧ ਅਉਤਾਰੁ ਹੈ ਬੋਧ ਅਬੋਧੁ ਨ ਦ੍ਰਿਸ਼ਟੀ ਆਵੈ॥
   ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨ ਭਾਵੈ॥
   -ਭਾਈ ਗੁਰਦਾਸ ਪਉੜੀ, ਵਾਰ 1
   (ਅ) ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।

ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥ ਚਲਾਏ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਾਖੰਡ ਰਲਾਏ।
ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।
ਇਕਸਿ ਤੇ ਬਹੁ ਰੂਪਿ ਕਰਿ ਰੂਪਿ ਕੁਰੂਪਿ ਘਣੇ ਦਿਖਾਏ।
ਕਲਿਜੁਗਿ ਅੰਦਰਿ ਭਰਮਿ ਭੁਲਾਏ॥9॥
– ਭਾਈ ਗੁਰਦਾਸ ਪਉੜੀ 19, ਵਾਰ 1 ਡਾ. ਗੁਰਭਗਤ ਸਿੰਘ, ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003, ਪੰਨਾ 95

14. ਇਹ ਸਿਧਾਂਤ ਰਾਜਨੀਤਿਕ ਸ਼ਾਸਤਰੀ ਸੈਮੂਅਲ ਪੀ. ਹਟਿੰਗਟਨ ਦੁਆਰਾ ਆਪਣੀ ਪੁਸਤਕ 'The Clash of Civilizations and the Remaking of the World Order' (1996), ਵਿੱਚ ਦਿੱਤਾ ਗਿਆ ਸੀ। ਜਿਸ ਅਨੁਸਾਰ ਉੱਤਰ ਸੀਤ ਯੁੱਧ ਕਾਲ ਵਿੱਚ ਸੰਸਾਰ ਦੇ ਟਕਰਾਵਾਂ ਅਤੇ ਤਣਾਵਾਂ ਦਾ ਮੁੱਖ ਕਾਰਣ ਸੱਭਿਆਚਾਰਕ ਅਤੇ ਧਾਰਮਿਕ ਪਛਾਣਾਂ ਹੋਣਗੀਆਂ।
15. ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਿਲ ਖਸਮ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਗੁਰੂ ਗ੍ਰੰਥ ਸਾਹਿਬ, ਪੰਨਾ 150
16. ਕਿਰਪਾਲ ਸਿੰਘ, ਜਨਮ ਸਾਖੀ ਪ੍ਰੰਪਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ 341
17. ਬਾਬੇ ਕੌ ਉਦਾਸੀ ਆਈ।
ਬਾਬੈ ਸੁਰਤ ਪ੍ਰਦੇਸੈ ਲਾਈ॥
– ਜੀਤ ਸਿੰਘ ਸੀਤਲ, ਪ੍ਰਾਚੀਨ ਪੰਥ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2000, ਪੰਨਾ 48 ਡਾ. ਬਲਵੰਤ ਸਿੰਘ ਢਿਲੋਂ ਦੁਆਰਾ ਸੰਪਾਦਿਤ 'ਸ੍ਰੀ ਗੁਰੂ ਪੰਥ ਪ੍ਰਕਾਸ਼' ਵਿੱਚ ਉਪਰੋਕਤ ਤੁਕਾਂ ਦਾ ਪਾਠ-ਭੇਦ ਹੋਣ ਕਰਕੇ ਵੱਖਰੇ ਅਰਥ ਦਿੰਦੀਆਂ ਹਨ। ਉੱਥੇ ਪਾਠ ਹੈ:-
ਤਬ ਬਾਬੇ ਦਿਲ ਉਦਾਸੀ ਆਈ।
ਭਯੋ ਉਦਾਸ ਕਹੂੰ ਸੁਰਤ ਨਾ ਲਾਈ।
– ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਸ੍ਰੀ ਗੁਰੂ ਪੰਥ ਪ੍ਰਕਾਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ 13
18. Sarjit Singh Bal (Ed), Guru Nanak: In the Eyes of Non-Sikhs, Punjabi University, Patiala, 1995, P.167
19. ਦਰ ਹਕੀਕਤ ਮਨਮ ਚੂੰ ਰਾਹ-ਨੁਮਾ ਤੂ ਜਹਾਂ ਹਾ ਬਪਾਇ ਖੁਦ ਪੈਮਾ, ਭਾਈ ਨੰਦ ਲਾਲ ਗ੍ਰੰਥਾਵਲੀ opp. citt., ਪੰਨਾ 167
20. J.S. Neki (Ed.), Guru Granth Sahib and Its Context, Bhai Vir Singh Sahitya Sadan, New Delhi, 2007, P. 279